# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਐਲੀ.ਸਿੱ),ਪੰਜਾਬ,
# ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ 8, ਐਸ.ਏ.ਐਸ.ਨਗਰ
## (ਸੇਵਾਵਾ ਪ੍ਰਾਇਮਰੀ ਸ਼ਾਖਾ)

ਹੁਕਮ ਨੰ: 2/2-14ਸੇਪ੍ਰ(1) (1-3 ਤਰੱਕੀ ਹੁਕਮ)
ਮਿਤੀ: ਐਸ.ਏ.ਐਸ. ਨਗਰ 21-02-2014

ਸਕੂਲ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਸੈਂਟਰ ਹੈਡ ਟੀਚਰਾਂ ਨੂੰ ਬਤੌਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪਦ ਉਨਤੀ ਕਰਨ ਲਈ ਚੇਅਰਮੈਨ ਸਕਰੀਨਿੰਗ ਕਮੇਟੀ ਜੀ ਦੀ ਪ੍ਰਧਾਨਗੀ ਹੇਠ ਹੋਈਆਂ ਮੀਟਿੰਗਾਂ ਮਿਤੀ 12,13 ਫਰਵਰੀ, 2014 ਵਿੱਚ ਵਿਚਾਰਨ ਉਪਰੰਤ ਯੋਗ ਪਾਏ ਕਰਮਚਾਰੀਆਂ ਦੀਆਂ ਤਰੱਕੀਆਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕਰਨ ਦੀ ਸਿਫਾਰਸ਼ ਕੀਤੀ ਗਈ ਸੀ। ਡਾਇਰੈਕਟਰ ਸਿੱਖਿਆ ਵਿਭਾਗ (ਐਲੀ.ਸਿੱ) ਪੰਜਾਬ ਅਧੀਨ ਜਿਲ੍ਹਾ ਕਾਡਰ ਗਰੁੱਪ-ਬੀ ਦੀਆਂ ਆਸਾਮੀਆਂ ਦੀ ਤਰੱਕੀ ਪ੍ਰਸੋਨਲ ਵਿਭਾਗ ਪੰਜਾਬ ਸਰਕਾਰ (ਪੀ.ਪੀ.-1 ਸ਼ਾਖਾ) ਦੇ ਅੰ:ਵਿ:ਪੱ: ਨੰ: 4/43/09-3 ਪੀ.ਪੀ.1/2137 ਮਿਤੀ 10-12-09 ਅਤੇ ਅੰ:ਵਿ:ਪੱ: ਨੰ: 4/43/09-3 ਪੀ.ਪੀ.1/573 ਮਿਤੀ 17-07-12 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਬਿਨ੍ਹਾ ਡੀ.ਪੀ.ਸੀ. ਤੋਂ ਕੀਤੀ ਜਾਣੀ ਹੈ। ਨਾਨ ਗਜਟਿਡ ਅਧਿਕਾਰੀਆਂ ਦੀਆਂ ਇਹ ਤਰੱਕੀਆਂ ਕੇਵਲ ਕਾਇਮ ਮੁਕਾਮ ਹਨ ਅਤੇ ਪ੍ਰਮੋਸ਼ਨ ਕੋਟੇ ਦੀਆਂ 75% ਅਸਾਮੀਆਂ ਲਈ ਨਿਯਮ ਜੋ ਪਹਿਲਾਂ ਪੰਜਾਬ ਸਟੇਟ ਐਜੂਕੇਸ਼ਨ ਕਲਾਸ-3 (ਪ੍ਰਾਇਮਰੀ ਸਕੂਲ ਕਾਡਰ) ਸੇਵਾ ਨਿਯਮ, 1997 ਅਧੀਨ ਕਵਰ ਹੁੰਦੀਆਂ ਸਨ, ਨੂੰ ਹੁਣ ਬੀ-ਕੈਟਾਗਰੀ ਵਿੱਚ ਆ ਜਾਣ ਕਾਰਨ ਉਕਤ ਕਮੇਟੀ ਦੀ ਸਿਫਾਰਸ਼ ਅਨੁਸਾਰ ਤਨਖਾਹ ਸਕੇਲ 10300-34800+5000 ਗਰੇਡ ਪੇ ਸਕੇਲ ਵਿੱਚ ਹੇਠ ਲਿਖਤ ਅਨੁਸਾਰ ਕੀਤੀਆਂ ਜਾਂਦੀਆਂ ਹਨ।

**ਜਿਲ੍ਹਾ ਫਿਰੋਜਪੁਰ**

| ਲੜੀ ਨੰ: | ਕਰਮਚਾਰੀ ਦਾ ਨਾਮ/ਅਹੁਦਾ/ਸਕੂਲ | ਪੋਸਟਿੰਗ ਦਾ ਸਥਾਨ | ਵਿਸ਼ੇਸ਼ ਕਥਨ |
|---|---|---|---|
| 1 | ਦਰਸ਼ਨ ਕੌਰ, ਸੀ.ਐਚ.ਟੀ. ਸਪ੍ਰਸ ਚੁੰਗੀਖਾਨਾ ਰੋਡ ਬਲਾਕ ਫਿਰੋਜਪੁਰ-1, ਫਿਰੋਜਪੁਰ | ਫਿਰੋਜਪੁਰ-3 | **ਖਾਲੀ ਥਾਂ ਤੇ** |
| 2 | ਨਵਲ ਕੁਮਾਰੀ, ਸੀ.ਐਚ.ਟੀ. ਸਪ੍ਰਸ ਮਲਵਾਲ ਕਦੀਮ ਬਲਾਕ ਘੱਲਖੁਰਦ-1 ਫਿਰੋਜਪੁਰ | ਘੱਲ ਖੁਰਦ-2 | **ਖਾਲੀ ਥਾਂ ਤੇ** |
| 3 | ਨਿਰਮਲ ਕਾਂਤਾ, ਸੀ.ਐਚ.ਟੀ. ਸਪ੍ਰਸ ਅਟਾਰੀ ਬਲਾਕ ਫਿਰੋਜਪੁਰ-2 | ਗੁਰੂ ਹਰਸਹਾਏ-1 | **ਖਾਲੀ ਥਾਂ ਤੇ** |

ਇਹ ਪਦ ਉਨਤੀਆਂ ਹੇਠ ਲਿਖੀਆਂ ਸ਼ਰਤਾਂ ਅਧੀਨ ਲਾਗੂ ਹੋਣਗੀਆਂ:-

1) ਪੱਦ ਉਨਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਆਪਣੀ ਮੌਜੂਦਾ ਪੋਸਟਿੰਗ ਵਾਲੀ ਥਾਂ ਤੇ ਹੀ ਨੋਸ਼ਨਲ ਹਾਜਰੀ ਰਿਪੋਰਟ ਦੇਣਗੇ। ਜੇਕਰ ਉਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੀ ਪੋਸਟ ਤੇ ਅਡੀਸ਼ਨਲ ਚਾਰਜ ਵਜੋਂ ਕੰਮ ਕਰ ਰਹੇ ਹਨ, ਤਾਂ ਉਹ ਅਗਲੇ ਹੁਕਮਾਂ ਤੱਕ ਉਥੇ ਹੀ ਬਤੌਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕੰਮ ਕਰਦੇ ਰਹਿਣਗੇ।
2) ਇਹ ਪਦ ਉਨਤ ਹੋਏ ਕਰਮਚਾਰੀ 15 ਦਿਨਾਂ ਦੇ ਅੰਦਰ ਅੰਦਰ ਆਪਣੀ ਹਾਜਰੀ ਰਿਪੋਰਟ ਪੇਸ਼ ਕਰਨਗੇ। ਸਬੰਧਤ ਜਿਲ੍ਹਾ ਸਿੱਖਿਆ ਅਫਸਰ(ਐਲੀ.ਸਿੱ) ਇਨ੍ਹਾਂ ਦੀਆਂ ਹਾਜਰੀ ਰਿਪੋਰਟਾਂ ਡਾਇਰੈਕਟੋਰੇਟ ਨੂੰ ਭੇਜਣਗੇ।
3) ਅਧਿਕਾਰੀ ਦੀ ਤੱਰਕੀ ਹਾਜਰੀ ਦੀ ਮਿਤੀ ਤੋਂ ਪ੍ਰਵਾਨ ਮੰਨੀ ਜਾਵੇਗੀ। ਕਿਸੇ ਵੀ ਅਧਿਕਾਰੀ ਨੂੰ ਉਪਰੋਕਤ ਹਾਜਰੀ ਰਿਪੋਰਟ ਦੇਣ ਦੇ ਸਮੇਂ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ। ਜਿਹੜੇ ਕਰਮਚਾਰੀ ਨਿਸ਼ਚਿਤ ਮਿਤੀ ਦੇ ਅੰਦਰ ਅੰਦਰ ਹਾਜਰੀ ਰਿਪੋਰਟ ਨਹੀਂ ਦੇਣਗੇ, ਉਨ੍ਹਾਂ ਨੂੰ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: ਜੀ.ਐਸ.ਆਰ/33 ਕਾਂਸਟੀਚਿਊਸ਼ਨ ਐਕਟ-309/94 ਮਿਤੀ 4-5-1994 ਅਧੀਨ ਦੋ ਸਾਲ ਲਈ ਡੀਬਾਰ ਸਮਝਿਆ ਜਾਵੇਗਾ। ਇਸ ਸਬੰਧੀ ਅਧਿਕਾਰੀ ਨੂੰ ਕੋਈ ਵੱਖਰਾ ਨੋਟਿਸ/ਹੁਕਮ ਜਾਰੀ ਨਹੀਂ ਕੀਤਾ ਜਾਵੇਗਾ।
4) ਜੇਕਰ ਕਿਸੇ ਕਾਰਨ ਸੈਂਟਰ ਹੈਡ ਟੀਚਰ ਦੀ ਸੀਨੀਆਰਤਾ ਵਿੱਚ ਤਬਦੀਲੀ ਆਉਂਦੀ ਹੈ ਤਾਂ ਉਸ ਅਧਾਰ ਤੇ ਤਰੱਕੀ ਦੇ ਇਹ ਹੁਕਮ ਮੁੜ ਵਿਚਾਰੇ ਜਾ ਸਕਦੇ ਹਨ ਅਤੇ ਜੇਕਰ ਕੋਈ ਸੀ.ਐਚ.ਟੀ. ਤਰੱਕੀ ਲੈਣ ਤੋਂ ਵਾਂਝੇ ਰਹਿ ਗਏ ਹੋਣ ਤਾਂ ਉਨ੍ਹਾਂ ਦੀ ਤਰੱਕੀ ਕਾਰਨ ਸਬੰਧਤ ਨੂੰ ਰਿਵਰਟ ਕਰਨਾ ਪਿਆ ਤਾਂ ਉਨ੍ਹਾਂ ਨੂੰ ਬਿਨ੍ਹਾ ਨੋਟਿਸ ਦਿੱਤੇ ਰਿਵਰਟ ਕਰ ਦਿੱਤਾ ਜਾਵੇਗਾ।

5) ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਗਰੁੱਪ-ਬੀ ਦੇ ਕਾਡਰ ਵਿੱਚ ਜੇਕਰ ਕਿਸੇ ਕਾਰਨ ਅਸਾਮੀ ਘੱਟ ਜਾਂਦੀ ਹੈ ਤਾਂ ਪ੍ਰਭਾਵਿਤ ਉਮੀਦਵਾਰ ਨੂੰ ਬਿਨ੍ਹਾਂ ਕਿਸੇ ਨੋਟਿਸ ਦੇ ਉਹਨਾ ਨੂੰ ਸੈਂਟਰ ਹੈਡ ਟੀਚਰ ਦੀ ਆਸਾਮੀ ਤੇ ਰਿਵਰਟ/ਪਰਤਾ ਕਰ ਦਿੱਤਾ ਜਾਵੇਗਾ।

6) ਇਹ ਪਦ ਉਨਤੀਆਂ ਕਰਨ ਤੇ ਫੀਡਰ ਕਾਡਰ(ਸਭ ਤੋਂ ਹੇਠਲਾ ਕਾਡਰ) ਵਿੱਚ ਖਾਲੀ ਹੋਣ ਵਾਲੀਆਂ ਆਸਾਮੀਆਂ ਪਰਸੋਨਲ ਵਿਭਾਗ ਦੇ ਮੀਮੋ ਨੰ: 3/41/2002-3ਪੀਪੀ1/8003 ਮਿਤੀ 19-06-2002 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਖਤਮ ਸਮਝੀ ਜਾਣਗੀਆਂ।

7) 1985 ਦੀ ਸੰਵਿਧਾਨਕ ਸੋਧ ਦੇ ਸਬੰਧ ਵਿੱਚ ਮਾਨਯੋਗ ਸੁਪਰੀਮ ਕੋਰਟ ਦੇ ਨਿਰਣੇ ਮਿਤੀ 19-10-2006 ਸਬੰਧੀ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਕੀਤੀ ਜਾਣ ਵਾਲੀ ਨੀਤੀ ਇਨ੍ਹਾਂ ਤਰੱਕੀ ਹੁਕਮਾਂ ਤੇ ਲਾਗੂ ਹੋਵੇਗੀ।

8) ਇਹ ਤਰੱਕੀ ਹੁਕਮ ਇਕ ਸਾਲ ਲਈ ਪ੍ਰੋਬੇਸ਼ਨ ਪੀਰੀਅਡ ਤੇ ਹੋਣਗੇ।

**ਦਰਸ਼ਨ ਕੌਰ**
**ਡਾਇਰੈਕਟਰ ਸਿੱਖਿਆ ਵਿਭਾਗ(ਐਲੀ.ਸਿੱ),ਪੰਜਾਬ**

ਪਿੱਠ ਅੰਕਣ ਨੰ: ਉਕਤ ਮਿਤੀ: 26-02-2014

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1) ਪੀ.ਏ. ਟੂ ਮਾਨਯੋਗ ਸਿੱਖਿਆ ਮੰਤਰੀ,ਪੰਜਾਬ ਸਰਕਾਰ, ਚੰਡੀਗੜ੍ਹ।
2) ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ(ਸਿ-7 ਸ਼ਾਖਾ) ਸਕੂਲ ਸਿੱਖਿਆ, ਚੰਡੀਗੜ੍ਹ।
3) ਜਿਲ੍ਹਾ ਸਿੱਖਿਆ ਅਫਸਰ(ਐਲੀ.ਸਿੱ) ਫਿਰੋਜਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਹਾਜਰ ਕਰਵਾਉਣ ਤੋਂ ਪਹਿਲਾਂ ਉਸਦਾ ਅਸਲ ਗੁਪਤ ਰਿਕਾਰਡ ਚੈਕ ਕਰਨਾ ਯਕੀਨੀ ਬਣਾਇਆ ਜਾਵੇ। ਕਰਮਚਾਰੀ ਵਿਰੁੱਧ ਕੋਈ ਸਿਕਾਇਤ ਇੰਨਕੁਆਰੀ ਪੈਡਿੰਗ ਨਾ ਹੋਵੇ। ਜੇਕਰ ਅਜਿਹਾ ਮਾਮਲਾ ਕੋਈ ਧਿਆਨ ਵਿੱਚ ਆਉਂਦਾ ਹੈ ਤਾਂ ਕਰਮਚਾਰੀ ਨੂੰ ਤਰੱਕੀ ਉਪਰੰਤ ਹਾਜਰ ਨਾ ਕਰਵਾਇਆ ਜਾਵੇ ਅਤੇ ਉਸਦਾ ਕੇਸ ਡਾਇਰੈਕਟੋਰੇਟ ਨੂੰ ਭੇਜਿਆ ਜਾਵੇ।
4) ਮੰਡਲ ਸਿੱਖਿਆ ਅਫਸਰ(ਫਰੀਦਕੋਟ, ਜਲੰਧਰ, ਨਾਭਾ)
5) ਜਿਲ੍ਹਾ ਖਜਾਨਾ ਅਫਸਰ ਫਿਰੋਜਪੁਰ।
6) ਸਬੰਧਤ ਕਰਮਚਾਰੀ।

**ਡਿਪਟੀ ਡਾਇਰੈਕਟਰ (ਪਾਲਿਸੀ)**